# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 30 ਮਈ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਦੇ ਅਜੇ ਪਾਲ ਸਿੰਘ ਧਾਲੀਵਾਲ ਨੇ ਮਾਊਂਟ ਐਵਰੇਸਟ ਸਰ ਕਰਕੇ ਰਚਿਆ ਇਤਿਹਾਸ: ਪਹਿਲੇ ਸਿੱਖ ਕੈਨੇਡੀਅਨ ਪੰਜਾਬੀ ਬਣਨ ਦਾ ਮਾਣ ਹਾਸਲ

ਸਰੀ, 30 ਮਈ : ਸਰੀ (ਕੈਨੇਡਾ) ਦੀ ਨਾਮਵਾਰ 'ਧਾਲੀਵਾਲ ਲਾਅ ਫਰਮ' ਦੇ ਮਾਲਕ ਅਤੇ ਜੈਤੋ (ਫ਼ਰੀਦਕੋਟ) ਇਲਾਕੇ ਦੇ ਜੰਮਪਲ ਸਰਦਾਰ ਅਜੇ ਪਾਲ ਸਿੰਘ ਧਾਲੀਵਾਲ ਨੇ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ 'ਤੇ ਫ਼ਤਿਹ ਹਾਸਲ ਕਰਕੇ ਵਿਸ਼ਵ ਭਰ ਵਿੱਚ ਪੰਜਾਬ ਅਤੇ ਸਿੱਖ ਕੌਮ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਨੇ 20 ਮਈ 2026 ਨੂੰ ਸਮੁੰਦਰੀ ਤਲ ਤੋਂ 8848.86 ਮੀਟਰ ਦੀ ਉਚਾਈ 'ਤੇ ਸਥਿਤ ਇਸ ਦੁਨੀਆ ਦੀ 'ਛੱਤ' ਉੱਪਰ ਸਫ਼ਲਤਾਪੂਰਵਕ ਕਦਮ ਰੱਖ ਕੇ ਇੱਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਇਸ ਅਦੁੱਤੀ ਅਤੇ ਦਲੇਰੀ ਭਰੀ ਪ੍ਰਾਪਤੀ ਨਾਲ ਉਹ ਮਾਊਂਟ ਐਵਰੇਸਟ ਸਰ ਕਰਨ ਵਾਲੇ ਪਹਿਲੇ ਸਿੱਖ ਕੈਨੇਡੀਅਨ ਪੰਜਾਬੀ ਬਣਗਏ ਹਨ।




ਸਰਦਾਰ ਅਜੇ ਪਾਲ ਸਿੰਘ ਧਾਲੀਵਾਲ ਦੀ ਇਹ ਇਤਿਹਾਸਕ ਸਫ਼ਲਤਾ ਕੋਈ ਇਤਫ਼ਾਕ ਨਹੀਂ, ਸਗੋਂ ਉਨ੍ਹਾਂ ਦੀ ਸਾਲਾਂ ਦੀ ਸਖ਼ਤ ਮਿਹਨਤ, ਅਟੁੱਟ ਹਿੰਮਤ, ਦ੍ਰਿੜ ਇਰਾਦੇ ਅਤੇ ਸਿਦਕ ਦਾ ਨਤੀਜਾ ਹੈ। ਕੈਨੇਡਾ ਵਿੱਚ ਕਾਨੂੰਨੀ ਖੇਤਰ (Law) ਦੇ ਰੁਝੇਵਿਆਂ ਭਰੇ ਪੇਸ਼ੇਵਰ ਜੀਵਨ ਵਿੱਚੋਂ ਸਮਾਂ ਕੱਢ ਕੇ, ਕੁਦਰਤ ਦੀਆਂ ਸਭ ਤੋਂ ਕਠਿਨ ਚੁਣੌਤੀਆਂ ਅਤੇ ਮਨਫ਼ੀ ਤਾਪਮਾਨ ਨਾਲ ਮੱਥਾ ਲਾਉਣਾ ਉਨ੍ਹਾਂ ਦੇ ਬੁਲੰਦ ਹੌਂਸਲੇ ਦੀ ਗਵਾਹੀ ਭਰਦਾ ਹੈ। ਉਨ੍ਹਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦੇ ਮਜ਼ਬੂਤ ਹੋਣ, ਤਾਂ ਪੰਜਾਬੀ ਦੁਨੀਆ ਦੇ ਕਿਸੇ ਵੀ ਕੋਨੇ ਜਾਂ ਕਿਸੇ ਵੀ ਖੇਤਰ ਵਿੱਚ ਅਸੰਭਵ ਨੂੰ ਸੰਭਵ ਬਣਾਉਣ ਦਾ ਮਾਦਾ ਰੱਖਦੇ ਹਨ।

ਇਸ ਬੇਮਿਸਾਲ ਕਾਮਯਾਬੀ ਦੀ ਖ਼ਬਰ ਆਉਂਦਿਆਂ ਹੀ ਜਿੱਥੇ ਕੈਨੇਡਾ ਦੇ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ, ਉੱਥੇ ਹੀ ਪੰਜਾਬ ਦੇ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਕਾਸਮ ਭੱਟੀ ਅਤੇ ਜੈਤੋ ਇਲਾਕੇ ਵਿੱਚ ਜਸ਼ਨ ਦਾ ਮਾਹੌਲ ਹੈ। ਇਹ ਮਾਣਮੱਤੀ ਪ੍ਰਾਪਤੀ ਸਿਰਫ਼ ਇੱਕ ਪਰਿਵਾਰ ਜਾਂ ਪਿੰਡ ਤੱਕ ਸੀਮਤ ਨਹੀਂ ਹੈ, ਸਗੋਂ ਇਸ ਨੇ ਦੁਨੀਆ ਭਰ ਵਿੱਚ ਵੱਸਦੇ ਸਮੂਹ ਪੰਜਾਬੀ ਅਤੇ ਸਿੱਖ ਭਾਈਚਾਰੇ ਦੇ ਸਿਰ ਫ਼ਖ਼ਰ ਨਾਲ ਉੱਚੇ ਕਰ ਦਿੱਤੇ ਹਨ। ਬਰਫ਼ੀਲੇ ਤੂਫ਼ਾਨਾਂ ਅਤੇ ਸਾਹ ਰੋਕ ਦੇਣ ਵਾਲੇ ਮੌਸਮ ਨੂੰ ਮਾਤ ਪਾ ਕੇ ਐਵਰੇਸਟ ਦੀ ਚੋਟੀ 'ਤੇ ਫ਼ਤਿਹ ਪਾਉਣਾ ਹਰ ਉਸ ਨੌਜਵਾਨ ਲਈ ਪ੍ਰੇਰਨਾ ਸਰੋਤ ਹੈ ਜੋ ਜ਼ਿੰਦਗੀ ਵਿੱਚ ਵੱਡੇ ਸੁਪਨੇ ਦੇਖਦਾ ਹੈ।

ਇਸ ਇਤਿਹਾਸਕ ਅਤੇ ਯਾਦਗਾਰੀ ਪ੍ਰਾਪਤੀ 'ਤੇ ਪਿੰਡ ਕਾਸਮ ਭੱਟੀ, ਜ਼ਿਲ੍ਹਾ ਫ਼ਰੀਦਕੋਟ, ਕੈਨੇਡਾ ਦੇ ਸਾਹਿਤਕ ਤੇ ਸਮਾਜਿਕ ਹਲਕਿਆਂ ਅਤੇ ਸਮੂਹ ਪੰਜਾਬੀਆਂ ਵੱਲੋਂ ਛੋਟੇ ਵੀਰ ਅਜੇ ਪਾਲ ਸਿੰਘ ਧਾਲੀਵਾਲ ਨੂੰ ਦਿਲੋਂ ਲੱਖ-ਲੱਖ ਮੁਬਾਰਕਾਂ ਅਤੇ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

## ਮੈਗਾ ਪੀ.ਟੀ.ਐਮ. ਨੇ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਮਜ਼ਬੂਤ ਕੀਤਾ ਆਪਸੀ ਤਾਲਮੇਲ – ਵਿਧਾਇਕ ਅਸ਼ੋਕ ਪਰਾਸ਼ਰ ਪੱਪੀ

### ਹੋਣਹਾਰ ਵਿਦਿਆਰਥੀਆਂ, ਅਧਿਆਪਕਾਂ ਤੇ ਹੋਰ ਸਟਾਫ਼ ਮੈਂਬਰਾਂ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੁਆਰਾ ਦਸਤਖਤ ਕੀਤੇ ਵਿਸ਼ੇਸ਼ ਪ੍ਰਸ਼ੰਸਾ ਪੱਤਰ ਵੀ ਵੰਡੇ

### ਕਿਹਾ! ਮਿਆਰੀ ਸਿੱਖਿਆ, ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਬਿਹਤਰ ਭਵਿੱਖ ਲਈ ਸਰਕਾਰੀ ਸਕੂਲ ਵਚਨਬੱਧ

ਲੁਧਿਆਣਾ, 30 ਮਈ : ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਸੁਧਾਰਾਤਮਕ ਪਹਿਲਕਦਮੀਆਂ ਤਹਿਤ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਚਲਾਈ ਜਾ ਰਹੀ ਮੈਗਾ ਪੀ.ਟੀ.ਐਮ. (ਮਾਪੇ-ਅਧਿਆਪਕ ਮਿਲਣੀ) ਮੁਹਿੰਮ ਅਧੀਨ ਅੱਜ ਜ਼ਿਲ੍ਹਾ ਲੁਧਿਆਣਾ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮੈਗਾ ਪੀ.ਟੀ.ਐਮ. ਦਾ ਸਫਲ ਆਯੋਜਨ ਕੀਤਾ ਗਿਆ।




ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਵੱਲੋਂ ਹਲਕਾ ਲੁਧਿਆਣਾ ਕੇਂਦਰੀ ਅਧੀਨ ਸਕੂਲ ਆਫ਼ ਐਮੀਨੈਂਸ (ਇਸਲਾਮੀਆ ਸਕੂਲ) ਵਿਖੇ ਅਧਿਆਪਕ-ਮਾਪੇ ਮਿਲਣੀ ਵਿੱਚ ਸ਼ਮੂਲੀਅਤ ਕੀਤੀ।

ਇਸ ਮੌਕੇ ਵਿਧਾਇਕ ਪਰਾਸ਼ਰ ਵੱਲੋਂ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਅਧਿਆਪਕਾਂ ਅਤੇ ਮਾਪਿਆਂ ਨਾਲ ਵਿਚਾਰ ਸਾਂਝੇ ਕਰਦਿਆਂ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੁਆਰਾ ਦਸਤਖਤ ਕੀਤੇ ਗਏ ਵਿਸ਼ੇਸ਼ ਪ੍ਰਸ਼ੰਸਾ ਪੱਤਰ, ਸਕੂਲਾਂ ਦੇ ਕੰਮਕਾਜ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਵਾਲੇ ਹੋਣਹਾਰ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਸਟਾਫ਼ ਮੈਂਬਰਾਂ ਨੂੰ ਵੰਡੇ ਗਏ। ਇਨ੍ਹਾਂ ਵਿੱਚ ਮਿਡ-ਡੇਅ ਮੀਲ ਵਰਕਰ, ਸੁਰੱਖਿਆ ਗਾਰਡ, ਕੈਂਪਸ ਮੈਨੇਜਰ, ਸਕੂਲ ਪ੍ਰਬੰਧਨ ਕਮੇਟੀਆਂ ਦੇ ਮੈਂਬਰ ਅਤੇ ਹੋਰ ਸ਼ਾਮਲ ਹਨ ਜਿਨ੍ਹਾਂ ਪੂਰੇ ਅਕਾਦਮਿਕ ਸਾਲ ਦੌਰਾਨ ਮਿਸਾਲੀ ਸੇਵਾ ਅਤੇ ਸਮਰਪਣ ਦਾ ਪ੍ਰਦਰਸ਼ਨ ਕੀਤਾ ਹੈ।ਇਸ ਦੌਰਾਨ ਮਾਪਿਆਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਪੂਰਵਕ ਸ਼ਮੂਲੀਅਤ ਕਰਦਿਆਂ ਸਕੂਲਾਂ ਵਿੱਚ ਉਪਲਬਧ ਸਹੂਲਤਾਂ, ਪੜ੍ਹਾਈ ਦੇ ਮਿਆਰ ਅਤੇ ਬੱਚਿਆਂ ਦੀ ਪ੍ਰਗਤੀ ਬਾਰੇ ਜਾਣਕਾਰੀ ਹਾਸਲ ਕੀਤੀ।



ਮੈਗਾ ਪੀ.ਟੀ.ਐਮ. ਦੌਰਾਨ ਵਿਧਾਇਕ ਪੱਪੀ ਨੇ ਮਾਪਿਆਂ ਨਾਲ ਸਿੱਧੀ ਗੱਲਬਾਤ ਕਰਦਿਆਂ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ, ਸਹਿ-ਪਾਠਕ੍ਰਮ ਗਤੀਵਿਧੀਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਰਮਿਆਨ ਨਿਰੰਤਰ ਸੰਪਰਕ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ।

ਉਨ੍ਹਾਂ ਕਿਹਾ ਕਿ ਮੈਗਾ ਪੀ.ਟੀ.ਐਮ. ਰਾਹੀਂ ਮਾਪਿਆਂ ਤੋਂ ਪ੍ਰਾਪਤ ਫੀਡਬੈਕ ਸਿੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਸਹਾਇਕ ਸਾਬਤ ਹੁੰਦਾ ਹੈ। ਇਸ ਨਾਲ ਬੱਚਿਆਂ ਦੀਆਂ ਲੋੜਾਂ, ਰੁਚੀਆਂ, ਸਮੱਸਿਆਵਾਂ ਅਤੇ ਉਨ੍ਹਾਂ ਦੀਆਂ ਭਵਿੱਖੀ ਆਕਾਂਖਿਆਵਾਂ ਨੂੰ ਸਮਝਣ ਦਾ ਮੌਕਾ ਮਿਲਦਾ ਹੈ, ਜਿਸ ਦੇ ਆਧਾਰ 'ਤੇ ਉਨ੍ਹਾਂ ਦੇ ਬਿਹਤਰ ਭਵਿੱਖ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾਂਦਾ ਹੈ। ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਨੂੰ ਦਿੱਤੀ ਜਾ ਰਹੀ ਤਰਜੀਹ ਅਤੇ ਸਰਕਾਰੀ ਸਕੂਲਾਂ ਵਿੱਚ ਕੀਤੇ ਜਾ ਰਹੇ ਸੁਧਾਰਾਂ ਕਾਰਨ ਲੋਕਾਂ ਦਾ ਭਰੋਸਾ ਲਗਾਤਾਰ ਵੱਧ ਰਿਹਾ ਹੈ। ਆਧੁਨਿਕ ਬੁਨਿਆਦੀ ਢਾਂਚਾ, ਤਕਨੀਕੀ ਸਹੂਲਤਾਂ ਅਤੇ ਮਿਆਰੀ ਸਿੱਖਿਆ ਕਾਰਨ ਹੁਣ ਵੱਡੀ ਗਿਣਤੀ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾ ਰਹੇ ਹਨ।

ਜ਼ਿਲ੍ਹਾ ਸਿੱਖਿਆ ਅਫ਼ਸਰ ਡਿੰਪਲ ਮਦਾਨ ਨੇ ਭਰੋਸਾ ਦਿਵਾਇਆ ਕਿ ਸਰਕਾਰੀ ਸਕੂਲਾਂ ਦੇ ਅਧਿਆਪਕ ਵਿਦਿਆਰਥੀਆਂ ਨੂੰ ਗੁਣਵੱਤਾ-ਭਰਪੂਰ ਸਿੱਖਿਆ ਪ੍ਰਦਾਨ ਕਰਨ ਅਤੇ ਉਨ੍ਹਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਨ ਲਈ ਪੂਰੀ ਤਨਦੇਹੀ ਨਾਲ ਕਾਰਜ ਕਰ ਰਹੇ ਹਨ, ਤਾਂ ਜੋ ਵਿਦਿਆਰਥੀ ਹਰ ਖੇਤਰ ਵਿੱਚ ਸਫਲਤਾ ਹਾਸਲ ਕਰਕੇ ਆਪਣੇ ਮਾਪਿਆਂ, ਸਕੂਲ, ਜ਼ਿਲ੍ਹੇ ਅਤੇ ਪੰਜਾਬ ਦਾ ਨਾਮ ਰੌਸ਼ਨ ਕਰ ਸਕਣ।

## ਵਿਸ਼ਵ ਤੰਬਾਕੂ ਨਿਸ਼ੇਧ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ

ਪਟਿਆਲਾ, 30 ਮਈ:ਵਿਸ਼ਵ ਤੰਬਾਕੂ ਨਿਸ਼ੇਧ ਦਿਵਸ ਦੇ ਮੌਕੇ 'ਤੇ ਸਿਵਲ ਸਰਜਨ ਦਫ਼ਤਰ, ਪਟਿਆਲਾ ਵੱਲੋਂ ਸੀਨੀਅਰ ਸੈਕੰਡਰੀ ਮੌਡਰਨ ਸਕੂਲ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਸਿਵਲ ਸਰਜਨ ਡਾ. ਸ਼ੈਲੀ ਜੇਟਲੀ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ।




ਇਸ ਸਮਾਗਮ ਦੀ ਪ੍ਰਧਾਨਗੀ ਡਾ. ਇੰਦਰਪ੍ਰੀਤ ਰੰਧਾਵਾ, ਅਸਿਸਟੈਂਟ ਹੈਲਥ ਅਫਸਰ ਅਤੇ ਜ਼ਿਲ੍ਹਾ ਨੋਡਲ ਅਫਸਰ, ਨੈਸ਼ਨਲ ਟੋਬੈਕੋ ਕੰਟਰੋਲ ਪ੍ਰੋਗਰਾਮ ਅਤੇ ਡਾ. ਸੁਨੰਦਾ, ਡਿਪਟੀ ਜਿਲ੍ਹਾ ਹੈਲਥ ਅਫਸਰ ਵੱਲੋਂ ਕੀਤੀ ਗਈ। ਇਸ ਮੌਕੇ ਮਾਤਾ ਲਕਸ਼ਮੀ ਬਾਈ ਡੈਂਟਲ ਕਾਲਜ ਦੀ ਟੀਮ ਨੇ ਵੀ ਸਿਵਲ ਸਰਜਨ ਦਫ਼ਤਰ ਨਾਲ ਮਿਲ ਕੇ ਸਰਗਰਮ ਭੂਮਿਕਾ ਨਿਭਾਈ।

ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਤੰਬਾਕੂ ਅਤੇ ਇਸ ਨਾਲ ਸੰਬੰਧਿਤ ਉਤਪਾਦਾਂ ਦੇ ਸੇਵਨ ਨਾਲ ਸਿਹਤ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਬੁਲਾਰਿਆਂ ਨੇ ਦੱਸਿਆ ਕਿ ਤੰਬਾਕੂ ਦੀ ਵਰਤੋਂ ਕੈਂਸਰ, ਦਿਲ ਦੀਆਂ ਬਿਮਾਰੀਆਂ, ਸਾਹ ਸੰਬੰਧੀ ਰੋਗਾਂ ਅਤੇ ਹੋਰ ਕਈ ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਓਹਨਾ ਵਿਦਿਆਰਥੀਆਂ ਨੂੰ ਤੰਬਾਕੂ ਤੋਂ ਦੂਰ ਰਹਿਣ ਅਤੇ ਸਮਾਜ ਵਿੱਚ ਵੀ ਇਸ ਬਾਰੇ ਜਾਗਰੂਕਤਾ ਫੈਲਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਸਾਰੇ ਹਾਜ਼ਰ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਵੱਲੋਂ "ਤੰਬਾਕੂ ਨਾ ਵਰਤਣ" ਦੀ ਸਹੁੰ ਵੀ ਚੁੱਕੀ ਗਈ। ਸਮਾਗਮ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕੀਤੇ।

ਸਿਵਲ ਸਰਜਨ ਦਫ਼ਤਰ ਦੇ ਸ਼੍ਰੀ ਬਲਜਿੰਦਰ ਠਾਕੁਰ ਅਤੇ ਡਾ. ਸਵਿਤਾ ਨੇ ਵੀ ਆਪਣੇ ਪ੍ਰਭਾਵਸ਼ਾਲੀ ਲੈਕਚਰਾਂ ਅਤੇ ਕਵਿਤਾਵਾਂ ਰਾਹੀਂ ਤੰਬਾਕੂ ਮੁਕਤ ਜੀਵਨ ਦਾ ਸੰਦੇਸ਼ ਦਿੱਤਾ। ਪ੍ਰੋਗਰਾਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਤੰਬਾਕੂ ਦੇ ਨੁਕਸਾਨਾਂ ਬਾਰੇ ਜਾਗਰੂਕ ਕਰਕੇ ਇੱਕ ਸਿਹਤਮੰਦ ਅਤੇ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਵੱਲ ਪ੍ਰੇਰਿਤ ਕਰਨਾ ਸੀ।

## ਸਿਹਤ ਮੰਤਰੀ ਵੱਲੋਂ ਵਾਤਾਵਰਣ ਪਾਰਕ ਨੂੰ ਹੋਰ ਹਰਿਆ-ਭਰਾ ਬਣਾਉਣ ਲਈ ਵਿਸ਼ੇਸ਼ ਯੋਜਨਾ 'ਤੇ ਚਰਚਾ

### ਵਾਤਾਵਰਣ ਦੀ ਸਾਂਭ-ਸੰਭਾਲ ਲਈ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ: ਡਾ. ਬਲਬੀਰ ਸਿੰਘ

ਪਟਿਆਲਾ, 30 ਮਈ:ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਵਾਤਾਵਰਣ ਪਾਰਕ ਵਿਖੇ "ਫਰੈਂਡਜ਼ ਆਫ ਐਨਵਾਇਰਮੈਂਟ ਪਾਰਕ" ਕਮੇਟੀ ਦੀ ਅਹਿਮ ਮੀਟਿੰਗ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਪਾਰਕ ਦੇ ਵਿਕਾਸ, ਵਾਤਾਵਰਣ ਦੀ ਸਾਂਭ-ਸੰਭਾਲ, ਹਰਿਆਲੀ ਵਧਾਉਣ ਲੋਕ ਭਲਾਈ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।



ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਫ਼-ਸੁਥਰਾ ਅਤੇ ਹਰਿਆ-ਭਰਾ ਵਾਤਾਵਰਣ ਮਨੁੱਖੀ ਸਿਹਤ ਲਈ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਧ ਰਹੇ ਪ੍ਰਦੂਸ਼ਣ ਅਤੇ ਬਦਲਦੇ ਮੌਸਮੀ ਹਾਲਾਤਾਂ ਦੇ ਮੱਦੇਨਜ਼ਰ ਰੁੱਖ ਲਗਾਉਣਾ ਅਤੇ ਵਾਤਾਵਰਣ ਦੀ ਰੱਖਿਆ ਕਰਨਾ ਸਮੇਂ ਦੀ ਮੁੱਖ ਲੋੜ ਬਣ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਾਤਾਵਰਣ ਸੰਭਾਲ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਪਰ ਇਨ੍ਹਾਂ ਯਤਨਾਂ ਨੂੰ ਸਫਲ ਬਣਾਉਣ ਲਈ ਆਮ ਲੋਕਾਂ ਦੀ ਭਾਗੀਦਾਰੀ ਵੀ ਉਤਨੀ ਹੀ ਮਹੱਤਵਪੂਰਨ ਹੈ।

ਡਾ. ਬਲਬੀਰ ਸਿੰਘ ਨੇ ਮੀਟਿੰਗ ਦੌਰਾਨ ਹਾਜ਼ਰ ਸਥਾਨਕ ਨਿਵਾਸੀਆਂ ਅਤੇ ਕਮੇਟੀ ਮੈਂਬਰਾਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਧਿਆਨ ਨਾਲ ਸੁਣਿਆ। ਉਨ੍ਹਾਂ ਪਾਰਕ ਦੇ ਰੱਖ-ਰਖਾਅ, ਸਫ਼ਾਈ, ਬੁਨਿਆਦੀ ਢਾਂਚੇ ਦੇ ਸੁਧਾਰ ਅਤੇ ਹੋਰ ਵਿਕਾਸ ਕਾਰਜਾਂ ਸਬੰਧੀ ਮਿਲੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਦਿਆਂ ਸੰਬੰਧਿਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਅਤੇ ਸਮੱਸਿਆਵਾਂ ਦੇ ਜਲਦ ਹੱਲ ਲਈ ਦਿਸ਼ਾ-ਨਿਰਦੇਸ਼ ਦਿੱਤੇ।



ਮੀਟਿੰਗ ਦੌਰਾਨ ਪਾਰਕ ਵਿੱਚ ਵੱਡੇ ਪੱਧਰ 'ਤੇ ਬੂਟੇ ਲਗਾਉਣ ਅਤੇ ਹਰਿਆਲੀ ਨੂੰ ਹੋਰ ਵਧਾਉਣ ਸਬੰਧੀ ਵੀ ਵਿਸ਼ੇਸ਼ ਚਰਚਾ ਕੀਤੀ ਗਈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਰੁੱਖ ਨਾ ਸਿਰਫ਼ ਵਾਤਾਵਰਣ ਨੂੰ ਸ਼ੁੱਧ ਬਣਾਉਂਦੇ ਹਨ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਅਤੇ ਸੁੰਦਰ ਮਾਹੌਲ ਵੀ ਯਕੀਨੀ ਬਣਾਉਂਦੇ ਹਨ। ਉਨ੍ਹਾਂ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ "ਫਰੈਂਡਜ਼ ਆਫ ਐਨਵਾਇਰਮੈਂਟ ਪਾਰਕ" ਕਮੇਟੀ ਦੇ ਪ੍ਰਧਾਨ ਸ੍ਰੀ ਜਸਵਿੰਦਰ ਸਿੰਘ ਟਿਵਾਣਾ ਨੇ ਕਮੇਟੀ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕਮੇਟੀ ਕਈ ਸਾਲਾਂ ਤੋਂ ਵਾਤਾਵਰਣ ਸੁਰੱਖਿਆ ਅਤੇ ਪਾਰਕ ਦੇ ਵਿਕਾਸ ਲਈ ਨਿਰੰਤਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਸਮੇਂ-ਸਮੇਂ 'ਤੇ ਰੁੱਖ ਲਗਾਉਣ, ਸਫ਼ਾਈ ਮੁਹਿੰਮਾਂ ਚਲਾਉਣ ਅਤੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ।

ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਪਾਰਕ ਦੇ ਵਿਕਾਸ ਲਈ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਮਿਲ ਰਹੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਵਾਤਾਵਰਣ ਸੰਭਾਲ ਲਈ ਮਿਲ ਕੇ ਕੰਮ ਕਰਨ ਦਾ ਸੰਕਲਪ ਲਿਆ।

ਇਸ ਮੌਕੇ ਪ੍ਰਧਾਨ ਸ੍ਰੀ ਜਸਵਿੰਦਰ ਸਿੰਘ ਟਿਵਾਣਾ , ਐਡਵੋਕੇਟ ਗੁਰਬਾਜ ਸਿੰਘ ਸੈਕਰੇਟਰੀ, ਐਡਵੋਕੇਟ ਬਲਬੀਰ ਸਿੰਘ ਸਰਪ੍ਰਸਤ, ਗੁਰਦੀਪ ਸਿੰਘ ਸਾਬਕਾ ਏਆਈ ਜੀ ਸਰਪਰਸਤ, ਸਾਬਕਾ ਪ੍ਰਧਾਨ , ਸੁਖਦੇਵ ਸਿੰਘ ਵਿਰਕ ਸਾਬਕਾ ਐਸਪੀ ਸਾਬਕਾ ਪ੍ਰਧਾਨ , ਜਸਪਾਲ ਸਿੰਘ ਢਿੱਲੋ ਸਾਬਕਾ ਪ੍ਰਧਾਨ , ਅਮਰਜੀਤ ਸਿੰਘ ਘੱਗਾ ਸਾਬਕਾ ਕਮਿਸ਼ਨਰ ਐਕਸਾਈਜ, ਅਮਰਜੀਤ ਸਿੰਘ ਸੋਨੂ ਚੌਹਾਨ ਵਾਈਲਡ ਲਾਈਫ ਐਡਵਾਈਜਰ, ਗੱਜਣ ਸਿੰਘ ਮੀਡੀਆ ਸਕੱਤਰ, ਜਸਬੀਰ ਸਿੰਘ ਗਾਂਧੀ ਆਫਿਸ ਇੰਚਾਰਜ ਹੈਲਥ ਮਨਿਸਟਰ, ਕਰਨਲ ਜੇਬੀ ਸਿੰਘ ਸਾਬਕਾ ਓਐਸਡੀ ਹੈਲਥ ਮਨਿਸਟਰ, ਡਾਕਟਰ ਅਨਿਲ ਗਰਗ ਸਾਬਕਾ ਆਯੁਰਵੇਦਿਕ ਜਿਲਾ ਅਫਸਰ, ਕਰਤਾਰ ਸਿੰਘ ਸੰਧੂ, ਰਘਵੀਰ ਸਿੰਘ ਢਿੱਲੋ , ਇੰਦਰਜੀਤ ਸਿੰਘ ਨਾਗਪਾਲ ਡਿਪਟੀ ਕਮਿਸ਼ਨਰ ਐਕਸਾਈਜ, ਅਵਤਾਰ ਸਿੰਘ ਲੰਗ, ਵਿਨੈ ਸਿੰਘੀ, ਐਮਐਸ ਕਾਜਲ ਸਾਬਕਾ ਇੰਜੀਨੀਅਰ ਬੀਐਡ ਆਰ, ਹਰਨੇਕ ਸਿੰਘ ਸਾਬਕਾ ਇੰਜੀਨੀਅਰ ਇੰਚੀਫ ਪੀਐਸਪੀਸੀਐਲ, ਐਮਐਸ ਖਰੌੜ, ਰਣਧੀਰ ਸਿੰਘ ਨਲੀਨਾ, ਹੇਮ ਗੋਇਲ, ਜੋਗਾ ਸਿੰਘ, ਮੋਹਨ ਸਿੰਘ ਪਟਵਾਰੀ , ਸਤੀਸ਼ ਸ਼ਰਮਾ ਪਟਵਾਰੀ ਆਦਿ ਮੌਜੂਦ ਸਨ।

## ਬੂਟਿਆਂ 'ਚੋਂ ਬੂਟਾ, ਬੂਟਾ ਸਿੰਘ ਚੌਹਾਨ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਬਰਨਾਲੇ ਵੱਸਦਾ ਮੇਰਾ ਮਿੱਤਰ ਬੂਟਾ ਸਿੰਘ ਚੌਹਾਨ ਚੌਵੀ ਘੰਟੇ ਕਿਰਿਆਵੰਤ ਲੇਖਕ ਹੈ। ਉਸ ਕੋਲ ਸ਼ਬਦਾਂ ਦੀ ਅਥਾਹ ਲੋਕ ਪੂੰਜੀ ਹੈ। ਤਾਜੋ ਪਿੰਡ ਵਿੱਚ ਜੰਮਿਆ ਤੇ ਕਿਰਤ ਭੂਮੀ ਸਿੰਜਦਿਆਂ ਪਲ਼ਿਆ ਕਦੇ ਤਪਾ ਮੰਡੀ ਦੀ ਰੌਣਕ ਸੀ। ਹੁਣ ਬਰਨਾਲੇ ਵਿੱਚ ਹਸਤੀ ਬਣ ਕੇ ਵਿਚਰਦਾ ਹੈ।

ਫੌਲਾਦੀ ਇਰਾਦੇ ਤੇ ਨਿਸ਼ਚੇ ਦਾ ਧਾਰਨੀ ਹੋਣ ਕਾਰਨ ਬੰਦਿਆਂ, ਕੁਰਸੀ ਤੇ ਦੌਲਤ ਦੀ ਗੁਲਾਮੀ ਨਹੀਂ ਕਰਦਾ, ਮੁਹੱਬਤ ਅੱਗੇ ਵਿਛ ਜਾਂਦਾ ਹੈ। ਬਾਬੇ ਵਾਰਿਸ ਦੇ ਕਹਿਣ ਮੁਤਾਬਕ ਪਿਆਰ ਨਾਲ ਉਸ ਦੇ ਚੰਮ ਦੀਆਂ ਜੁੱਤੀਆਂ ਵੀ ਸਿਵਾ ਸਕਦੇ ਹੋ।

ਜਦ ਉਹ ਅਜੇ ਸ਼ਬਦ ਭੂਮੀ ਵਿੱਚ ਨਹੀਂ ਸੀ ਨਿੱਤਰਿਆ, ਚੋਟੀ ਦਾ ਦਰਜ਼ੀ ਸੀ ਤਪੇ। ਨਾਪ ਲੈਂਦਿਆਂ ਦੱਸ ਦੇਂਦਾ ਸੀ ਕਿ ਜੋੜੀ ਸੁਲ੍ਹਾ ਨਾਲ ਰਹਿੰਦੀ ਹੈ ਜਾਂ ਘੁੱਟੀ ਵੱਟੀ। ਦੋ ਸੌ ਤੋਂ ਵੱਧ ਹੱਥਾਂ ਨੂੰ ਕੱਪੜੇ ਜੋੜਨੇ ਸਿਖਾਏ ਤੇ ਅਨੇਕਾਂ ਨੂੰ ਰਿਸ਼ਤਿਆਂ ਵਿੱਚ ਬੰਨ੍ਹਣਾ।

ਪੱਤਰਕਾਰੀ ਵਿੱਚ ਉਸ ਦੀਆਂ ਪੈੜਾਂ ਨਿਵੇਕਲੀਆਂ ਰਹੀਆਂ। ਰੋਜ਼ਾਨਾ ਅਜੀਤ ਤੇ ਪੰਜਾਬੀ ਜਾਗਰਣ ਲਈ ਕੰਮ ਕਰਦਿਆਂ ਉਸ ਨੇ ਕਈ ਬੰਦਿਆਂ ਨੂੰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਾਇਆ ਤੇ ਕਈਆਂ ਦੀ ਹੰਕਾਰੀ ਸੂਰਤ ਨੂੰ ਉਤਾਰਿਆ ਵੀ।

ਪੰਜ ਕੁ ਸਾਲ ਪਹਿਲਾਂ ਇੱਕ ਵਾਰ ਤਾਂ ਬੂਟਾ ਮੌਤ ਨੂੰ ਝਕਾਨੀ ਦੇ ਗਿਆ। ਇਹ ਕਹਿ ਕੇ ਧਰਮ ਰਾਜ ਨੂੰ ਮੁੜ ਆਇਆ ਕਿ ਅਜੇ ਮੇਰੇ ਕਿੰਨੇ ਕੰਮ ਰਹਿੰਦੇ ਨੇ, ਉਹ ਤੇਰਾ ਪਿਉ ਕਰੂ?

ਮਰਾਠੀ ਦੇ ਕਿੰਨੇ ਨਾਵਲ ਉਸ ਅਨੁਵਾਦ ਕਰ ਦਿੱਤੇ ਨੇ ਪਿਛਲੇ ਸਾਲਾਂ ਵਿੱਚ।
ਭਾਰਤੀ ਸਾਹਿੱਤ ਅਕਾਡਮੀ ਵੱਲੋਂ ਪਿੰਡ ਪਿੰਡ ਜਾ ਕੇ ਸਮਾਗਮ ਰਚਾ ਰਿਹੈ।


ਕਹਾਣੀਕਾਰ ਜਰਨੈਲ ਪੁਰੀ, ਅਜੀਤ ਸਿੰਘ ਪੱਤੋ, ਭੂਰਾ ਸਿੰਘ ਕਲੇਰ, ਜੀਤ ਸਿੰਘ ਪੱਖੋਂ ਤੇ ਹੋਰ ਕਿੰਨਿਆਂ ਦੀਆਂ ਲਿਖਤਾਂ ਸੰਪਾਦਿਤ ਕਰਕੇ ਉਨ੍ਹਾਂ ਦੇ ਪਿੰਡੀਂ ਸਮਾਗਮ ਕਰਵਾਏ।

ਬੂਟਾ ਸਿੰਘ ਸ਼ਾਦ, ਮਿਹਰ ਮਿੱਤਲ ਤੇ ਹੋਰ ਕਿੰਨਿਆਂ ਬਾਰੇ ਲੇਖ ਇਕੱਠੇ ਕਰਕੇ ਕਿਤਾਬਾਂ ਸੰਪਾਦਿਤ ਕੀਤੀਆਂ।

ਬੂਟਾ ਸਿੰਘ ਰਿਸ਼ਤਿਆਂ ਦਾ ਕਦਰਦਾਨ ਹੈ। ਉਸ ਦੀ ਗੁਫ਼ਾ ਵਿੱਚ ਵੜਨਾ ਤੇ ਟਿਕਣਾ ਏਨਾ ਆਸਾਨ ਨਹੀਂ। ਆਪਣੀਆਂ ਸ਼ਰਤਾਂ ਤੇ ਜੀਣ ਵਾਲੇ ਇਸ ਮਿੱਤਰ ਨੂੰ ਸਲਾਮ!

ਮੈਂ ਇਹ ਕਿਉਂ ਦੱਸਾਂ ਕਿ ਉਸ ਕਿੰਨੀਆਂ ਕਿਤਾਬਾਂ ਲਿਖੀਆਂ ਨੇ? ਇਹ ਕੰਮ ਪ੍ਰਿੰਸੀਪਲ ਤਖ਼ਤ ਸਿੰਘ ਜੀ ਦਾ ਇਹ ਸ਼ਿਅਰ ਕਰੇਗਾ।

ਜਾਚਣੈਂ ਮੇਰੀ ਬੁਲੰਦੀ ਨੂੰ ਤਾਂ ਤੱਕੋ,
ਮੇਰਾ ਪਰਛਾਵਾਂ ਪਵੇ ਕਿੱਥੇ ਕੁ ਜਾ ਕੇ।
ਪੇਸ਼ ਹਨ ਚੰਦਨ ਗੇਲੀ ਵਾਂਗ ਮਹਿਕਦੇ ਬੂਟੇ ਦੀਆਂ 6 ਗ਼ਜ਼ਲਾਂ



1.
ਉਚਾਈ ਤੋਂ ਦਿਸਣ ਲਈ

ਉਚਾਈ ਤੋਂ ਦਿਸਣ ਲਈ ਪੈਰ ਵੀ ਨਾ ਪੁੱਟਿਆ ਹੁੰਦਾ।
ਤੇਰੀ ਅੱਖ ਦਾ ਜੇ ਬਣਕੇ ਖ਼ਾਬ ਨਾ ਮੈਂ ਟੁੱਟਿਆ ਹੁੰਦਾ।

ਨਹੀਂ ਰਹਿੰਦੀ ਕਿਸੇ ਦੀ ਰਾਖਵੀਂ ਥਾਂ ਸ਼ਾਖ ਦੇ ਉੱਤੇ,
ਕਰੂੰਬਲ ਫੁੱਟ ਆਉਂਦੀ ਜਿੱਥੋਂ ਪੱਤਾ ਟੁੱਟਿਆ ਹੁੰਦਾ?

ਬੜਾ ਭਰਿਆ ਉਹੋ ਜਦ ਛਲਕਿਆ ਨਾ ਫਿਰ ਪਤਾ ਲੱਗਿਆ,
ਸਬੂਤਾ ਦਿਸ ਰਿਹਾ ਬਰਤਨ ਵੀ ਵਿੱਚੋਂ ਫੁੱਟਿਆ ਹੁੰਦਾ।

ਜਿਗਰ 'ਤੇ ਰੱਖ ਕੇ ਪੱਥਰ ਉਹ ਮੇਲਾ ਵੇਖਣਾ ਪੈਂਦੈ,
ਕਦੇ ਜੋ ਆਪ ਮੇਲਾ ਆਦਮੀ ਨੇ ਲੁੱਟਿਆ ਹੁੰਦਾ।

ਨਹੀਂ ਮੁਹਤਾਜ ਹੁੰਦਾ ਖੂਹ ਦੇ ਵਾਂਗੂ ਲਾਉਣ ਵਾਲ਼ੇ ਦਾ,
ਰੜੇ ਮੈਦਾਨ ਵਿਚ ਚਸ਼ਮਾ ਜੋ ਆਪੇ ਫੁੱਟਿਆ ਹੁੰਦਾ।

2.
ਖ਼ੂਬਸੂਰਤ ਮੋੜ ਆਇਆ ਜ਼ਿੰਦਗੀ ਵਿਚ ਹੋਰ ਇੱਕ

ਖ਼ੂਬਸੂਰਤ ਮੋੜ ਆਇਆ ਜ਼ਿੰਦਗੀ ਵਿਚ ਹੋਰ ਇਕ।
ਚੀਰ ਕੇ ਨ੍ਹੇਰਾ ਮੇਰੇ ਵੱਲ ਆ ਰਹੀ ਲਿਸ਼ਕੋਰ ਇਕ।

ਮੇਰੀ ਥਾਂਵੇਂ ਹੋਰ ਕੋਈ ਛਣਕਦਾ ਹੈ ਜਾਂ ਨਹੀਂ,
ਪੁੱਛਦਾ ਝਾਂਜਰ ਤੇਰੀ ਦਾ ਟੁੱਟਿਆ ਮੈਂ ਬੋਰ ਇਕ।

ਨਾਲ਼ ਦੀ ਪੈਲ਼ੀ ਦੀ ਕੀ ਹਿੰਮਤ ਸੀ ਪਾਣੀ ਜੀਰਦੀ,
ਖੇਤ ਦੀ ਵੱਟ ਜੇ ਨਾ ਹੁੰਦੀ ਅੰਦਰੋਂ ਕਮਜ਼ੋਰ ਇਕ।

ਵਾਧੇ ਘਾਟੇ ਜ਼ਿੰਦਗੀ ਦਾ ਅੰਗ ਨੇ ਤੇ ਰਹਿਣਗੇ,
ਕਰ ਜਤਨ ਤੇਰੀ ਰਹੇ ਹਰ ਦੌਰ ਦੇ ਵਿਚ ਤੋਰ ਇਕ।

ਕਾਹਦੀਆਂ ਗ਼ਜ਼ਲਾਂ ਇਹ ਕਾਹਦੇ ਰਾਗ ਇਹ ਕਾਹਦੇ ਨੇ ਤਾਲ,
ਮੇਰੀ ਰੂਹ 'ਚੋਂ ਬਿਲਕਦਾ ਹੈ ਖੰਭ ਹੀਣਾ ਮੋਰ ਇਕ।

3.
ਅਪਣੇ ਭਾਰ ਦੇ ਨਾਲ਼ ਜਰਾਕੇ ਖਾ ਗਏ ਵੱਡੇ ਡਾਣ੍ਹੇ

ਅਪਣੇ ਭਾਰ ਦੇ ਨਾਲ਼ ਜਰਾਕੇ ਖਾ ਗਏ ਵੱਡੇ ਡਾਣ੍ਹੇ।
ਖੇਤਾਂ ਦੇ ਵਿਚ ਵੱਟਾਂ ਪਈਆਂ ਖਿੰਡ ਗਏ ਵੱਡੇ ਲਾਣੇ।

ਅੱਜ ਕਿਸੇ ਦੀ ਕੱਲ੍ਹ ਕਿਸੇ ਦੀ ਝੋਲ਼ੀ ਪੈ ਜਾਂਦੇ ਨੇ,
ਦਾਣੇ ਪੈਦਾ ਕਰਦੇ ਕਰਦੇ ਲੋਕੀ ਹੋ ਗਏ ਦਾਣੇ।

ਪਹਿਲਾਂ ਪੈਲ਼ੀ ਦੇ ਰੌਲ਼ੇ ਵੀ ਸੱਥ ਨਹੀਂ ਸੀ ਟੱਪਦੇ,
ਨਿੱਕੇ-ਨਿੱਕੇ ਬੋਲ ਬੁਲਾਰੇ ਹੁਣ ਜਾ ਵੜਦੇ ਥਾਣੇ।

ਜਦੋਂ ਪਤਾ ਹੈ ਸਭ ਨੂੰ ਏਹੇ ਕਿਹੜਾ ਕੀਹਨੂੰ ਨਿਗਲ਼ੇ,
ਫਿਰ ਵੀ ਲੋਕੀ ਆਖੀ ਜਾਂਦੇ ਉਹਦੀਆਂ ਓਹੀ ਜਾਣੇ।

ਮਿੱਤਰਾਂ ਦਾ ਪਿੰਡ ਲੱਗਣੋ ਹਟਿਆ ਸਿਵਿਆਂ ਕੋਲ਼ੇ ਜਾ ਕੇ।
ਖਿੱਲਾਂ ਦੀ ਮੁੱਠੀ 'ਚੋਂ ਨਿਕਲੇ ਚਾਰ ਕੁ ਮਸਾਂ ਮਖਾਣੇ।

4
ਮੌਸਮ ਤੇਰੇ ਹੱਕ 'ਚ ਭੁਗਤੇ ਦੁਆ ਮੇਰੀ

ਮੌਸਮ ਤੇਰੇ ਹੱਕ 'ਚ ਭੁਗਤੇ ਦੁਆ ਮੇਰੀ।
ਪੌਣ ਵੀ ਤੈਥੋਂ ਪੁੱਛ ਕੇ ਰੁਮਕੇ ਦੁਆ ਮੇਰੀ।

ਸੂਰਜ ਦਾ ਮੂੰਹ ਤੇਰੇ ਘਰ ਵੱਲ ਹੋ ਜਾਵੇ,
ਚਾਨਣ ਜਾਵੇ ਛਣਕੇ ਪੁਣਕੇ ਦੁਆ ਮੇਰੀ।

ਓਨ੍ਹਾਂ ਵਿੱਚੋਂ ਕੋਈ ਸੁਪਨਾ ਟੁੱਟੇ ਨਾ,
ਅੱਖਾਂ ਦੇਣ ਜੋ ਤੈਨੂੰ ਬੁਣਕੇ ਦੁਆ ਮੇਰੀ।

ਪੱਥਰ ਪਿਘਲਣ ਪੌਣ ਰੁਮਕਣਾ ਭੁੱਲ ਜਾਵੇ,
ਜਿੱਥੇ ਬੋਲੇ ਤੈਨੂੰ ਸੁਣਕੇ ਦੁਆ ਮੇਰੀ।

ਜਿਹੜਾ ਬੂਟਾ ਲਾਵੇਂ ਓਹੀ ਬਿਰਖ ਬਣੇ,
ਕੋਈ ਵੀ ਪੱਤਾ ਨਾ ਝੁਲਸੇ ਦੁਆ ਮੇਰੀ।

5.
ਸੁਕਾਏ ਗੁਲਸਤਾਂ ਪਤਝੜ

ਸੁਕਾਏ ਗੁਲਸਤਾਂ ਪਤਝੜ ਤੁਸੀਂ ਆਬਾਦ ਕਰ ਲੈਣਾ।
ਜਿਨ੍ਹਾਂ ਨੂੰ ਚਾਹਿਆ ਹੋਵੇ ਉਨ੍ਹਾਂ ਨੂੰ ਯਾਦ ਕਰ ਲੈਣਾ।

ਰੁਕੇ ਜੀਵਨ ਨੂੰ ਕਿੱਦਾਂ ਤੋਰਨਾ ਜੇ ਸਮਝ ਨਾ ਆਵੇ,
ਕਿਸੇ ਫੁਟਦੀ ਕਰੂੰਬਲ ਨਾਲ਼ ਤੂੰ ਸੰਵਾਦ ਕਰ ਲੈਣਾ।

ਘਟੀ ਥਾਂ ਦਾ ਹੀ ਸੂਚਕ ਹੈ ਤੇਰੇ ਜੋ ਦਿਲ 'ਚ ਮੇਰੀ ਸੀ,
ਖ਼ਤਾ ਨਿੱਕੀ ਜੀ ਹੋਈ ਤੋਂ ਖੜ੍ਹਾ ਜੇਹਾਦ ਕਰ ਲੈਣਾ।

ਚੁਕਾਉਣਾ ਕਰਜ਼ ਜੇ ਹੋਇਆ
ਮੇਰੇ ਅਹਿਸਾਨ ਕੀਤੇ ਦਾ,
ਮੇਰੇ ਤੋਂ ਜੋ ਨਾ ਹੋ ਸਕਿਆ ਮੇਰੇ ਤੋਂ ਬਾਅਦ ਕਰ ਲੈਣਾ।

ਉਸਾਰੋਗੇ ਤੁਸੀਂ ਜੋ ਵੀ ਉੱਸਰ ਜਾਵੇਗਾ ਉਸ ਉੱਤੇ,
ਮੈਂ ਅਪਣੀ ਹੋਂਦ ਨੂੰ ਨਿਰਮਾਣ ਦੀ ਬੁਨਿਆਦ ਕਰ ਲੈਣਾ।

6
ਲੰਘ ਗਏ ਪਾਣੀ ਨੇ ਆ ਕੇ

ਲੰਘ ਗਏ ਪਾਣੀ ਨੇ ਆ ਕੇ ਕਦੇ ਨਾ ਸੁੱਕਾ ਖੇਤ ਰਮਾਉਣਾ।
ਅੱਜ ਦਾ ਦਿਨ ਬੱਸ ਅੱਜ ਲਈ ਹੈ ਅੱਜ ਦੇ ਦਿਨ ਨੇ ਕੱਲ੍ਹ ਨੀ ਆਉਣਾ।


ਪਹਿਲਾਂ ਤੋਂ ਚੋਗਾ ਕੱਢਾਂ ਪਿੱਛੋਂ ਅੱਧ-ਪਚੱਧ ਖਿਲਾਰਾਂ,
ਅਧਮੋਈਆਂ ਚਿੜੀਆਂ ਤੋਂ ਦਾਨੀ ਏਸ ਤਰ੍ਹਾਂ ਨੀ ਮੈਂ ਅਖਵਾਉਣਾ।

ਕੀਤੇ ਹੋਏ ਰੰਗਾਂ ਵਿੱਚੋਂ ਨਕਸ਼ ਓਸਦੇ ਦਿਸਦੇ ਰਹਿੰਦੇ,
ਕਦੇ ਬਿਗਾਨੀ ਨੀਂਹ ਦੇ ਉੱਤੇ ਚਾਹੀਦਾ ਨੀ ਮਹਿਲ ਬਣਾਉਣਾ।

ਗੱਲ ਖੜ੍ਹੀ ਹੈ ਓਸੇ ਥਾਂ 'ਤੇ ਗੱਲ ਤੁਰੇਗੀ ਅੱਗੇ ਕਿੱਦਾਂ,
ਜਾਂਦਾ ਆਉਂਦੇ ਨੂੰ ਦੱਸ ਦਿੰਦਾ ਅਪਣੀ ਪੈੜ 'ਚ ਪੈਰ ਟਿਕਾਉਣਾ।

ਕੀ ਹੋਇਆ ਮੈਂ ਕੰਧ 'ਚ ਉੱਗਿਆ ਦਿੱਸਾਂਗਾ ਮੈਂ ਉਸ ਵਿੱਚੋਂ ਵੀ,
ਮੇਰੀ ਯਾਦ 'ਚ ਅਪਣੇ ਘਰ ਵਿੱਚ ਚੰਦਨ ਦਾ ਇਕ 'ਬੂਟਾ' ਲਾਉਣਾ।

## ਤੇਰੀ ਤਲਾਸ਼




ਤਾਉਮਰ ਭੱਟਕਣ
ਵਿੱਚ ਨਿਕਲ ਗਈ
ਉਸ ਪਿਆਰੇ ਪ੍ਰੀਤਮ
ਨੂੰ ਭਾਲਦਿਆਂ
ਬਹੁਤ ਲੰਬਾ ਸਫ਼ਰ
ਤੈਅ ਕਰਨਾ ਪਿਆ
ਕਿੱਥੇ ਕਿੱਥੇ ਨਹੀਂ ਤਲਾਸ਼ਿਆ
ਉਸਨੂੰ
ਹਰ ਜ਼ਰੇ ਜ਼ਰੇ ਵਿੱਚ
ਉਸਦੀ ਤਲਾਸ਼ ਕਰਦੀ ਰਹੀ
ਜੰਗਲ, ਬੇਲੇ, ਨਦੀ – ਕਿਨਾਰੇ
ਮੰਦਰ, ਮਸਜਿਦ ਤੇ ਕਦੀ
ਗੁਰਦੁਆਰਿਆਂ ਵਿੱਚ.
ਕਦੀ ਕਿਤਾਬਾਂ ਤੇ ਗ੍ਰੰਥਾਂ ਵਿੱਚ
ਅਚਨਚੇਤ ਉਹ ਮਿਲ ਪਿਆ
ਜਿਸਨੂੰ ਮੁੱਦਤਾਂ ਤੋਂ ਰੂਹ
ਤਲਾਸ਼ ਕਰ ਰਹੀ ਸੀ
ਮਹਿਸੂਸ ਕੀਤਾ ਕਿ ਉਹ ਤਾਂ
ਮੇਰੇ ਆਪਣੇ ਅੰਦਰ ਹੀ ਸੀ
ਮੇਰੇ ਮਨ ਮੰਦਿਰ ਵਿੱਚ ਪਰ
ਮੈਂ ਪਹਿਚਾਣ ਨਾ ਸਕੀ ਉਸਨੂੰ
ਜਿਸ ਦਿਨ ਦਾ ਮੈਂ ਉਸਨੂੰ
ਆਪਣੇ ਅੰਦਰ ਤੋਂ ਖੋਜਿਆ
ਉਹ ਪ੍ਰੀਤਮ ਪਿਆਰਾ ਮਿਲਿਆ
ਭੱਟਕਣ ਖਤਮ ਹੋ ਗਈ
ਰੂਹ ਸਰਸ਼ਾਰ ਹੋ ਗਈ
ਮਨ ਵਿੱਚ ਅਦੁੱਤੀ ਖੇੜਾ ਹੈ
ਜਿਸਦੀ ਰੁਸ਼ਨਾਈ ਨੇ ਮੇਰੇ
ਰੋਮ ਰੋਮ ਨੂੰ ਮਹਿਕਾ ਦਿੱਤਾ ਹੈ
ਉਸਦੀ ਪੂਜਾ, ਉਸਦੀ ਬੰਦਗੀ
ਹੁਣ ਇਸ਼ਟ ਹੈ ਮੇਰਾ
ਉਸੇ ਦੀ ਯਾਦ ਵਿੱਚ
ਹਰ ਘੜੀ, ਹਰ ਪੱਲ
ਮਸ਼ਗੂਲ ਰਹਿੰਦੀ ਹਾਂ ਮੈਂ
ਕਿੰਨਾ ਪਿਆਰਾ ਅਹਿਸਾਸ ਹੈ
ਉਸ ਸੱਜਣ ਨੂੰ ਧਿਆਉਣਾ
ਹੋਂਠ ਫਰਕਦੇ ਨੇ, ਲਰਜ਼ਦੇ ਨੇ
ਅੱਖਾਂ ਮਦਹੋਸ਼ੀ ਦੇ ਆਲਮ ਵਿੱਚ
ਬੰਦ ਹੋ ਜਾਂਦੀਆਂ ਨੇ ਤੇ
ਮੈਂ ਉਸਦੀ ਬੰਦਗੀ,
ਉਸਦੀ ਇਬਾਦਤ ਵਿੱਚ
ਮਸਤ ਹੋ, ਦੀਨ ਦੁਨੀਆਂ ਤੋਂ
ਬੇਖ਼ਬਰ ਗੁਣਗੁਣਾਉਂਦੀ ਹਾਂ
"ਮਿਲੁ ਮੇਰੇ ਪ੍ਰੀਤਮਾ ਜੀਉ
ਤੁਧੁ ਬਿਨੁ ਖਰੀ ਨਿਮਾਣੀ"

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

## ਪੀਏਯੂ ਦੇ ਵਿਦਿਆਰਥੀਆਂ ਨੇ ਅਨੁਭਵੀ ਸਿਖਲਾਈ ਪ੍ਰੋਗਰਾਮ ਪ੍ਰਦਰਸ਼ਨੀ ਵਿੱਚ ਨਵੀਨਤਾ ਦਾ ਪ੍ਰਦਰਸ਼ਨ ਕੀਤਾ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 30 ਮਈ : ਖੇਤੀਬਾੜੀ ਕਾਲਜ ਨੇ ਅਨੁਭਵੀ ਸਿਖਲਾਈ ਪ੍ਰੋਗਰਾਮ (ਈਐਲਪੀ) ਅਧੀਨ ਇੱਕ ਪ੍ਰਭਾਵਸ਼ਾਲੀ ਪ੍ਰਦਰਸ਼ਨੀ ਦਾ ਆਯੋਜਨ ਕੀਤਾ, ਜਿੱਥੇ ਬੀ.ਐਸਸੀ. (ਆਨਰਜ਼) ਖੇਤੀਬਾੜੀ ਦੇ ਵਿਦਿਆਰਥੀਆਂ ਨੇ ਆਪਣੇ ਨਵੀਨਤਾਕਾਰੀ ਉਤਪਾਦਾਂ, ਉੱਦਮੀ ਹੁਨਰਾਂ ਅਤੇ ਵਿਹਾਰਕ ਖੇਤੀਬਾੜੀ ਗਿਆਨ ਨੂੰ ਪ੍ਰਦਰਸ਼ਿਤ ਕੀਤਾ।




ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਡਾ. ਐਸ.ਐਸ. ਗੋਸਲ ਪ੍ਰਦਰਸ਼ਨੀ ਵਿੱਚ ਮੁੱਖ ਮਹਿਮਾਨ ਸਨ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਦੇ ਆਪਣੀ ਸਿਰਜਣਾਤਮਕਤਾ ਅਤੇ ਵਿਗਿਆਨਕ ਯੋਗਤਾ ਨੂੰ ਪ੍ਰਦਰਸ਼ਿਤ ਕਰਨ ਦੇ ਸ਼ਲਾਘਾਯੋਗ ਯਤਨਾਂ ਦੀ ਸ਼ਲਾਘਾ ਕੀਤੀ। ਇਕੱਠ ਨਾਲ ਗੱਲਬਾਤ ਕਰਦੇ ਹੋਏ, ਵਾਈਸ-ਚਾਂਸਲਰ ਨੇ ਆਧੁਨਿਕ ਖੇਤੀਬਾੜੀ ਸਿੱਖਿਆ ਵਿੱਚ ਅਨੁਭਵੀ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਖੇਤੀਬਾੜੀ ਵਿਕਾਸ ਦੇ ਮੁੱਖ ਚਾਲਕਾਂ ਵਜੋਂ ਨਵੀਨਤਾ ਅਤੇ ਉੱਦਮਤਾ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ।

ਡਾ. ਚਰਨਜੀਤ ਸਿੰਘ ਔਲਖ, ਡੀਨ, ਖੇਤੀਬਾੜੀ ਕਾਲਜ, ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਅਨੁਭਵੀ ਸਿਖਲਾਈ ਪ੍ਰੋਗਰਾਮ ਸਿਧਾਂਤਕ ਗਿਆਨ ਅਤੇ ਵਿਵਹਾਰਕ ਉਪਯੋਗ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਜਿਸ ਨਾਲ ਵਿਦਿਆਰਥੀਆਂ ਵਿੱਚ ਵਿਸ਼ਵਾਸ, ਲੀਡਰਸ਼ਿਪ ਗੁਣ ਅਤੇ ਪੇਸ਼ੇਵਰ ਯੋਗਤਾ ਵਿਕਸਤ ਕਰਨ ਦੇ ਯੋਗ ਬਣਾਇਆ ਜਾਂਦਾ ਹੈ।

ਕਾਲਜ ਆਫ਼ ਹਾਰਟੀਕਲਚਰ ਐਂਡ ਫਾਰੈਸਟਰੀ ਦੇ ਡੀਨ ਡਾ. ਆਰ. ਆਈ. ਐਸ. ਗਿੱਲ ਅਤੇ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼ ਦੇ ਡੀਨ ਡਾ. ਕਿਰਨ ਬੈਂਸ ਨੇ ਵੀ ਪ੍ਰਦਰਸ਼ਨੀ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਦੁਆਰਾ ਪ੍ਰਦਰਸ਼ਿਤ ਨਵੀਨਤਾਕਾਰੀ ਵਿਚਾਰਾਂ ਅਤੇ ਵਿਹਾਰਕ ਹੁਨਰਾਂ ਦੀ ਸ਼ਲਾਘਾ ਕੀਤੀ। ਪਤਵੰਤਿਆਂ ਨੇ ਵੱਖ-ਵੱਖ ਸਟਾਲਾਂ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦੀ ਮਿਹਨਤ, ਨਵੀਨਤਾਕਾਰੀ ਵਿਚਾਰਾਂ ਅਤੇ ਪੇਸ਼ਕਾਰੀ ਹੁਨਰਾਂ ਦੀ ਸ਼ਲਾਘਾ ਕੀਤੀ।

ਮੁੱਲ-ਵਰਧਿਤ ਭੋਜਨ ਉਤਪਾਦਾਂ, ਜੈਵਿਕ ਉਤਪਾਦਾਂ, ਮਸ਼ਰੂਮ ਉਤਪਾਦਾਂ, ਨਰਸਰੀ ਪਲਾਂਟਾਂ, ਬੇਕਰੀ ਵਸਤੂਆਂ, ਬਾਇਓ-ਖਾਦਾਂ ਅਤੇ ਹੋਰ ਖੇਤੀਬਾੜੀ-ਅਧਾਰਤ ਨਵੀਨਤਾਵਾਂ ਵਾਲੇ ਵੱਖ-ਵੱਖ ਸਟਾਲਾਂ ਨੇ ਫੈਕਲਟੀ ਮੈਂਬਰਾਂ, ਵਿਦਿਆਰਥੀਆਂ ਅਤੇ ਸੈਲਾਨੀਆਂ ਨੂੰ ਆਕਰਸ਼ਿਤ ਕੀਤਾ। ਇਸ ਸਮਾਗਮ ਨੇ ਵਿਦਿਆਰਥੀਆਂ ਨੂੰ ਅਨੁਭਵੀ ਸਿਖਲਾਈ ਪ੍ਰੋਗਰਾਮ ਅਧੀਨ ਹੱਥੀਂ ਸਿਖਲਾਈ ਰਾਹੀਂ ਹਾਸਲ ਕੀਤੇ ਵਿਹਾਰਕ ਹੁਨਰਾਂ ਦਾ ਪ੍ਰਦਰਸ਼ਨ ਕਰਨ ਲਈ ਇੱਕ ਕੀਮਤੀ ਪਲੇਟਫਾਰਮ ਪ੍ਰਦਾਨ ਕੀਤਾ।

ਈਐਲਪੀ ਕੋਆਰਡੀਨੇਟਰ ਡਾ. ਜਸਪਾਲ ਸਿੰਘ ਅਤੇ ਡਾ. ਪੰਕਜ ਕੁਮਾਰ, ਜਿਨ੍ਹਾਂ ਨੇ ਇਸ ਸਮਾਗਮ ਦੇ ਆਯੋਜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਨੇ ਕਿਹਾ ਕਿ ਵਿਦਿਆਰਥੀਆਂ ਨੇ ਆਪਣੇ ਉਤਪਾਦਾਂ ਦੀ ਤਿਆਰੀ ਤਕਨੀਕਾਂ, ਆਰਥਿਕ ਵਿਵਹਾਰਕਤਾ ਅਤੇ ਮਾਰਕੀਟਿੰਗ ਰਣਨੀਤੀਆਂ ਨੂੰ ਭਰੋਸੇ ਨਾਲ ਸਮਝਾਇਆ, ਜੋ ਖੇਤੀਬਾੜੀ ਕਾਰੋਬਾਰ ਅਤੇ ਖੇਤੀ ਉੱਦਮਤਾ ਦੀ ਉਨ੍ਹਾਂ ਦੀ ਸਮਝ ਨੂੰ ਦਰਸਾਉਂਦਾ ਹੈ। ਫੈਕਲਟੀ ਮੈਂਬਰਾਂ ਅਤੇ ਦਰਸ਼ਕਾਂ ਨੇ ਵਿਦਿਆਰਥੀਆਂ ਦੇ ਸਮਰਪਣ, ਟੀਮ ਵਰਕ ਅਤੇ ਪੇਸ਼ਕਾਰੀ ਹੁਨਰਾਂ ਦੀ ਸ਼ਲਾਘਾ ਕੀਤੀ।

ਪ੍ਰਦਰਸ਼ਨੀ ਦੌਰਾਨ, ਮਾਈਕ੍ਰੋਬਾਇਓਲੋਜੀ ਦੀ ELP ਇਕਾਈ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਵਪਾਰਕ ਮਧੂ-ਮੱਖੀ ਪਾਲਣ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਫੂਡ ਸਾਇੰਸ ਅਤੇ ਤਕਨਾਲੋਜੀ ਦੇ ਨਾਲ ਪਲਾਂਟ ਬ੍ਰੀਡਿੰਗ ਦੀ ELP ਇਕਾਈ ਨੇ ਆਪਣੀਆਂ ਸ਼ਾਨਦਾਰ ਪ੍ਰਦਰਸ਼ਨੀਆਂ ਅਤੇ ਪੇਸ਼ਕਾਰੀਆਂ ਲਈ ਤੀਜਾ ਸਥਾਨ ਪ੍ਰਾਪਤ ਕੀਤਾ।

ਪ੍ਰਦਰਸ਼ਨੀ ਸਫਲਤਾਪੂਰਵਕ ਸਮਾਪਤ ਹੋਈ ਜਿਸ ਵਿੱਚ ਵਾਈਸ-ਚਾਂਸਲਰ ਨੇ ਜੇਤੂ ਟੀਮਾਂ, ਭਾਗ ਲੈਣ ਵਾਲੇ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਪ੍ਰਬੰਧਕ ਕਮੇਟੀ ਨੂੰ ਪ੍ਰੋਗਰਾਮ ਨੂੰ ਜਾਣਕਾਰੀ ਭਰਪੂਰ, ਨਵੀਨਤਾਕਾਰੀ ਅਤੇ ਪ੍ਰੇਰਨਾਦਾਇਕ ਬਣਾਉਣ ਲਈ ਵਧਾਈ ਦਿੱਤੀ।